# ਅੰਤਿਮ ਫੈਸਲਾ ਪ੍ਰਾਪਤ ਕਰੋ

ਸੁਣਵਾਈ ਜਾਂ ਲਿਖਤੀ ਦਲੀਲਾਂ ਤੋਂ ਬਾਅਦ, WCAT ਫੈਸਲਾ ਜਾਰੀ ਕਰੇਗਾ। WCAT ਆਮ ਤੌਰ 'ਤੇ ਤੁਹਾਨੂੰ ਕਲੇਮ ਫਾਈਲ ਦੀ ਕਾਪੀ ਮਿਲਣ ਦੇ 6 ਮਹੀਨਿਆਂ ਦੇ ਅੰਦਰ ਫੈਸਲਾ ਜਾਰੀ ਕਰਦਾ ਹੈ। ਕਈ ਵਾਰ ਇਸ ਵਿੱਚ ਜ਼ਿਆਦਾ ਸਮਾਂ ਲੱਗ ਸਕਦਾ ਹੈ, ਖਾਸ ਕਰਕੇ ਜੇਕਰ ਮਾਮਲਾ ਗੁੰਝਲਦਾਰ ਹੋਵੇ ਜਾਂ ਜੇ ਵਾਈਸ ਚੇਅਰ ਨੂੰ ਵਾਧੂ ਕਦਮ ਚੁੱਕਣ ਦੀ ਲੋੜ ਹੋਵੇ, ਜਿਵੇਂ ਕਿ ਛਾਣ ਬੀਨ ਕਰਨੀ।

WCAT ਆਪਣਾ ਅੰਤਿਮ ਫੈਸਲਾ ਸਾਰੀਆਂ ਧਿਰਾਂ ਨੂੰ ਉਸੇ ਢੰਗ ਦੀ ਵਰਤੋਂ ਕਰਕੇ ਭੇਜੇਗਾ ਜੋ ਇਹ ਅਪੀਲ ਦੌਰਾਨ ਉਹਨਾਂ ਨਾਲ ਪੱਤਰ ਵਿਹਾਰ ਕਰਨ ਲਈ ਵਰਤਦਾ ਸੀ - ਆਮ ਤੌਰ 'ਤੇ ਡਾਕ ਰਾਹੀਂ ਜਾਂ WCAT ਦੀਆਂ ਔਨਲਾਈਨ ਸੇਵਾਵਾਂ ਰਾਹੀਂ। ਜਦੋਂ WCAT ਕੋਈ ਫੈਸਲਾ ਲੈਂਦਾ ਹੈ, ਤਾਂ ਇਹ ਜਾਂ ਤਾਂ:

- ਬਦਲਿਆ ਹੋਵੇਗਾ - WCAT ਦੁਆਰਾ ਪਿਛਲਾ ਫੈਸਲਾ ਜਾਂ ਹੁਕਮ ਬਦਲ ਦਿੱਤਾ ਜਾਂਦਾ ਹੈ। ਜੇਕਰ ਅਪੀਲ ਕਰਨ ਵਾਲਾ ਵਿਅਕਤੀ ਕੁਝ ਮੁੱਦਿਆਂ 'ਤੇ ਸਫਲ ਹੁੰਦਾ ਹੈ, ਪਰ ਸਾਰੇ ਮੁੱਦਿਆਂ 'ਤੇ ਨਹੀਂ ਜਿਨ੍ਹਾਂ 'ਤੇ ਉਸ ਨੇ ਅਪੀਲ ਕੀਤੀ ਸੀ, ਤਾਂ ਫੈਸਲਾ "ਅੰਸ਼ਿਕ ਤੌਰ 'ਤੇ" ਬਦਲਿਆ ਜਾਵੇਗਾ।
- ਪੱਕਾ ਹੋਵੇਗਾ - ਪਿਛਲਾ ਫੈਸਲਾ ਜਾਂ ਹੁਕਮ ਨਹੀਂ ਬਦਲਦਾ।
- ਰੱਦ ਹੋਵੇਗਾ - ਪਿਛਲਾ ਫੈਸਲਾ ਜਾਂ ਹੁਕਮ ਰੱਦ ਕਰ ਦਿੱਤਾ ਜਾਂਦਾ ਹੈ।
- ਖਾਰਜ ਹੋਵੇਗਾ - WCAT ਅਪੀਲ ਨੂੰ ਮੁਢਲੇ ਪੜਾਅ 'ਤੇ ਖਾਰਜ ਕਰ ਦਿੰਦਾ ਹੈ, ਆਮ ਤੌਰ 'ਤੇ ਮੁੱਖ ਦਲੀਲ ਨਾਲ ਨਜਿੱਠਣ ਤੋਂ ਬਿਨਾਂ। WCAT ਕੋਲ ਅਜਿਹਾ ਕਰਨ ਦਾ ਅਧਿਕਾਰ ਹੈ, ਉਦਾਹਰਨ ਲਈ, ਜੇਕਰ ਇਸ ਕੋਲ ਮਾਮਲੇ ਨੂੰ ਹੱਲ ਕਰਨ ਦਾ ਅਧਿਕਾਰ ਖੇਤਰ (ਕਾਨੂੰਨੀ ਅਧਿਕਾਰ) ਨਹੀਂ ਹੈ, ਜਾਂ ਕਾਨੂੰਨ ਦੁਆਰਾ ਆਗਿਆ ਦਿੰਦੇ ਹੋਰ ਕਾਰਨਾਂ ਕਰਕੇ। WCAT ਅਪੀਲ ਨੂੰ ਖਾਰਜ ਕਰਨ ਤੋਂ ਪਹਿਲਾਂ ਧਿਰਾਂ ਤੋਂ ਉਨ੍ਹਾਂ ਦੀ ਸਥਿਤੀ ਪੁੱਛੇਗਾ।

ਹੋਰ ਜਾਣਕਾਰੀ ਪ੍ਰਾਪਤ ਕਰੋ: *Manual of Rules of Practice and Procedure* (MRPP) Chapter 17: WCAT Decision Making

# ਅੰਤਿਮ ਫੈਸਲੇ ਤੋਂ ਬਾਅਦ ਤੁਸੀਂ ਕੀ ਕਰ ਸਕਦੇ ਹੋ?

WCAT ਵਰਕਰਜ਼ ਕੰਪਨਸੇਸ਼ਨ ਸਿਸਟਮ ਵਿੱਚ ਅਪੀਲ ਦਾ ਆਖਰੀ ਪੱਧਰ ਹੈ, ਅਤੇ ਇਸ ਦੇ ਫੈਸਲੇ ਅੰਤਿਮ ਹੁੰਦੇ ਹਨ। WCAT ਕੋਲ ਉਸ ਦੇ ਆਪਣੇ ਫੈਸਲਿਆਂ ਨੂੰ ਬਦਲਣ ਜਾਂ ਮੁੜ ਵਿਚਾਰ ਕਰਨ ਦੀਆਂ ਬਹੁਤ ਸੀਮਤ ਸ਼ਕਤੀਆਂ ਹਨ।

ਜੇਕਰ WCAT ਦਾ ਫੈਸਲਾ ਵਰਕਸੇਫਬੀਸੀ ਦੇ ਫੈਸਲੇ ਨਾਲੋਂ ਵੱਖਰਾ ਹੁੰਦਾ ਹੈ, ਤਾਂ ਵਰਕਸੇਫਬੀਸੀ WCAT ਦੇ ਫੈਸਲੇ ਨੂੰ ਲਾਗੂ ਕਰੇਗਾ। ਇਸ ਕਦਮ ਬਾਰੇ ਕਿਸੇ ਵੀ ਪ੍ਰਸ਼ਨ ਲਈ ਵਰਕਸੇਫਬੀਸੀ ਦੇ ਕਲੇਮ ਅਫਸਰ ਜਾਂ ਵਿਭਾਗ ਨਾਲ ਸੰਪਰਕ ਕਰੋ।

# ਫੈਸਲੇ ਨੂੰ ਠੀਕ ਜਾਂ ਸਪੱਸ਼ਟ ਕਰਵਾਓ

WCAT ਫੈਸਲਾ ਜਾਰੀ ਹੋਣ ਤੋਂ ਬਾਅਦ ਛੋਟੀਆਂ ਗਲਤੀਆਂ ਨੂੰ ਠੀਕ ਕਰ ਸਕਦਾ ਹੈ, ਜਿਵੇਂ ਕਿ ਟਾਈਪ ਜਾਂ ਗਣਿਤ 'ਚ ਗਲਤੀਆਂ। ਜੇਕਰ ਫੈਸਲੇ ਵਿੱਚ ਕੁਝ ਸਪੱਸ਼ਟ ਨਹੀਂ ਹੈ ਤਾਂ ਇਹ ਸਪਸ਼ਟੀਕਰਨ ਵੀ ਜਾਰੀ ਕਰ ਸਕਦਾ ਹੈ। ਸਪਸ਼ਟੀਕਰਨ ਫੈਸਲੇ ਨੂੰ ਨਹੀਂ ਬਦਲ ਸਕਦੇ।

ਜੇਕਰ ਤੁਸੀਂ ਕੋਈ ਸੁਧਾਰ ਜਾਂ ਸਪਸ਼ਟੀਕਰਨ ਚਾਹੁੰਦੇ ਹੋ, ਤਾਂ 90 ਦਿਨਾਂ ਦੇ ਅੰਦਰ WCAT ਵਿਖੇ ਟ੍ਰਿਬਿਊਨਲ ਕੌਂਸਲ ਦਫ਼ਤਰ ਨੂੰ ਇੱਕ ਪੱਤਰ ਜਾਂ ਈਮੇਲ ਭੇਜੋ। ਵਾਈਸ ਚੇਅਰ ਫੈਸਲਾ ਕਰੇਗਾ ਕਿ ਕੀ ਸੁਧਾਰ ਕਰਨਾ ਜਾਂ ਸਪਸ਼ਟੀਕਰਨ ਦੇਣਾ ਹੈ। ਵਾਈਸ ਚੇਅਰ ਦੁਆਰਾ ਵਿਚਾਰ ਕਰਨ ਵਾਲੇ ਪੱਖਾਂ ਵਿੱਚੋਂ ਇੱਕ ਇਹ ਹੋ ਸਕਦਾ ਹੈ ਕਿ ਕੀ ਤੁਸੀਂ 90 ਦਿਨਾਂ ਦੇ ਅੰਦਰ ਮੰਗ ਕੀਤੀ ਸੀ।

ਹੋਰ ਜਾਣਕਾਰੀ ਔਨਲਾਈਨ ਲਵੋ: WCAT.BC.CA > APPEAL A DECISION > GET A FINAL DECISION

# ਫੈਸਲੇ 'ਤੇ ਮੁੜ ਵਿਚਾਰ ਕਰਨ ਲਈ ਅਰਜ਼ੀ ਦਿਓ

ਅਪੀਲ ਦੀ ਕੋਈ ਵੀ ਧਿਰ ਮੁੜ ਵਿਚਾਰ ਕਰਨ ਲਈ ਅਰਜ਼ੀ ਦੇ ਸਕਦੀ ਹੈ। ਅਰਜ਼ੀ ਦੇਣ ਲਈ ਕੋਈ ਸਮਾਂ ਸੀਮਾ ਨਹੀਂ ਹੈ। ਲੇਕਿਨ, WCAT ਸਿਰਫ ਬਹੁਤ ਸੀਮਤ ਹਾਲਤਾਂ ਵਿੱਚ ਹੀ ਫੈਸਲਿਆਂ 'ਤੇ ਮੁੜ ਵਿਚਾਰ ਕਰੇਗਾ।

WCAT ਬਹੁਤ ਹੀ ਸੀਮਤ ਹਾਲਤਾਂ ਵਿੱਚ ਫੈਸਲਿਆਂ 'ਤੇ ਮੁੜ ਵਿਚਾਰ ਕਰੇਗਾ:

## 1. ਜਦੋਂ ਨਵੇਂ ਸਬੂਤ ਉਪਲਬਧ ਹੋਣ

ਨਵੇਂ ਸਬੂਤਾਂ ਦੇ ਆਧਾਰ 'ਤੇ ਮੁੜ ਵਿਚਾਰ ਕਰਨ ਦੀ ਅਰਜ਼ੀ ਸਿਰਫ਼ ਤਾਂ ਹੀ ਸਫਲ ਹੋ ਸਕਦੀ ਹੈ ਜੇਕਰ ਨਵੇਂ ਸਬੂਤ:

- ਅਪੀਲ ਦੀ ਸੁਣਵਾਈ ਦੇ ਸਮੇਂ ਮੌਜੂਦ ਨਹੀਂ ਸਨ, ਜਾਂ
- ਜੇ ਇਹ ਮੌਜੂਦ ਸੀ, ਤਾਂ ਹਾਲ ਹੀ ਵਿੱਚ ਇਹਨਾਂ ਬਾਰੇ ਪਤਾ ਲੱਗਾ ਸੀ ਅਤੇ ਵਾਜਬ ਯਤਨਾਂ ਨਾਲ ਪਹਿਲਾਂ ਖੋਜਿਆ ਨਹੀਂ ਜਾ ਸਕਦਾ ਸੀ।

ਉਦਾਹਰਨ ਵਜੋਂ, ਇੱਕ ਨਵੀਂ ਡਾਕਟਰੀ ਰਾਏ ਜੋ ਤੁਹਾਡੀ ਅਪੀਲ ਦਾ ਸਮਰਥਨ ਕਰਦੀ ਹੋਵੇ, ਨੂੰ "ਨਵਾਂ" ਨਹੀਂ ਮੰਨਿਆ ਜਾਵੇਗਾ ਜੇਕਰ ਤੁਸੀਂ ਆਪਣੀ ਅਪੀਲ ਦੌਰਾਨ ਇਸ ਦੀ ਮੰਗ ਕਰ ਸਕਦੇ ਸੀ। ਲੇਕਿਨ, ਜੇਕਰ ਤੁਹਾਨੂੰ ਨਵੀਂ ਜਾਣਕਾਰੀ ਮਿਲੀ ਹੈ ਜੋ ਤੁਹਾਡੀ ਅਪੀਲ ਦੌਰਾਨ ਉਪਲਬਧ ਨਹੀਂ ਸੀ, ਜਿਵੇਂ ਕਿ ਕੋਈ ਨਵਾਂ ਟੈੱਸਟ ਜੋ ਉਪਲਬਧ ਨਹੀਂ ਸੀ, ਜੋ ਨਵੇਂ ਸਬੂਤਾਂ ਦੇ ਆਧਾਰ 'ਤੇ ਮੁੜ ਵਿਚਾਰ ਲਈ ਸ਼ਰਤਾਂ ਨੂੰ ਪੂਰਾ ਕਰ ਸਕਦਾ ਹੋਵੇ।

## 2. ਜੇ ਕੋਈ ਅਧਿਕਾਰ ਖੇਤਰ ਦੀ ਗਲਤੀ ਹੋਈ ਸੀ

ਜੇਕਰ WCAT ਨੇ ਕੋਈ ਅਧਿਕਾਰ ਖੇਤਰ ਦੀ ਗਲਤੀ ਕੀਤੀ ਸੀ ਤਾਂ ਤੁਸੀਂ ਮੁੜ ਵਿਚਾਰ ਲਈ ਵੀ ਅਰਜ਼ੀ ਦੇ ਸਕਦੇ ਹੋ। ਉਦਾਹਰਨ ਲਈ, WCAT ਨੇ ਇੱਕ ਅਧਿਕਾਰ ਖੇਤਰ ਦੀ ਗਲਤੀ ਕੀਤੀ ਹੋ ਸਕਦੀ ਹੈ ਜੇਕਰ:

- ਇਸ ਨੇ ਉਸ ਅਪੀਲ ਵਿੱਚ WCAT ਦੇ ਅਧਿਕਾਰ ਖੇਤਰ ਤੋਂ ਬਾਹਰ ਕਿਸੇ ਮਾਮਲੇ ਦਾ ਫੈਸਲਾ ਕੀਤਾ - ਉਦਾਹਰਨ ਲਈ, ਜੇਕਰ WCAT ਨੇ ਕਿਸੇ ਅਜਿਹੀ ਚੀਜ਼ ਬਾਰੇ ਫੈਸਲਾ ਕੀਤਾ ਜਿਸ ਬਾਰੇ ਉਸ ਕੋਲ ਫੈਸਲਾ ਕਰਨ ਦੀ ਸ਼ਕਤੀ ਨਹੀਂ ਸੀ।
- ਇਹ ਕਿਸੇ ਅਜਿਹੇ ਮਾਮਲੇ ਦਾ ਫੈਸਲਾ ਕਰਨ ਵਿੱਚ ਅਸਫਲ ਰਿਹਾ ਜਿਸ ਦਾ ਫੈਸਲਾ ਕਰਨਾ ਇਸ ਲਈ ਜ਼ਰੂਰੀ ਸੀ - ਉਦਾਹਰਨ ਲਈ, ਜੇਕਰ WCAT ਨੇ ਕਿਸੇ ਅਜਿਹੇ ਮੁੱਦੇ ਨੂੰ ਹੱਲ ਨਹੀਂ ਕੀਤਾ ਜਿਸ ਦਾ ਫੈਸਲਾ ਕਰਨ ਦੀ ਸ਼ਕਤੀ ਉਸ ਕੋਲ ਸੀ ਅਤੇ ਫੈਸਲੇ ਦੀ ਅਪੀਲ ਕਰਨ ਵਾਲੇ ਵਿਅਕਤੀ ਨੇ ਇਸ ਨੂੰ ਹੱਲ ਕਰਨ ਲਈ ਕਿਹਾ।
- ਇਸ ਦੀ ਫੈਸਲਾ ਲੈਣ ਦੀ ਕਾਰਵਾਈ ਦੌਰਾਨ ਕਾਰਵਾਈ ਅਨੁਚਿਤ ਸੀ - ਉਦਾਹਰਨ ਲਈ, ਜੇਕਰ WCAT ਨੇ ਸਾਰੀਆਂ ਧਿਰਾਂ ਨੂੰ ਸੁਣੇ ਜਾਣ ਅਤੇ ਦਸਤਾਵੇਜ਼ ਪੇਸ਼ ਕਰਨ ਦਾ ਮੌਕਾ ਨਹੀਂ ਦਿੱਤਾ।

ਮੁੜ ਵਿਚਾਰ ਲਈ ਅਰਜ਼ੀ ਦੇਣ ਲਈ, WCAT ਵਿਖੇ ਟ੍ਰਿਬਿਊਨਲ ਕੌਂਸਲ ਦਫ਼ਤਰ ਨੂੰ ਅਰਜ਼ੀ ਫਾਰਮ ਜਾਂ ਚਿੱਠੀ ਭੇਜੋ ਜਿਸ ਵਿੱਚ ਕਾਰਨ ਦੱਸੇ ਹੋਣ ਕਿ ਤੁਸੀਂ WCAT ਨੂੰ ਮੁੜ ਵਿਚਾਰ ਕਰਨ ਲਈ ਕਿਉਂ ਆਖ ਰਹੇ ਹੋ।

WCAT.BC.CA > FORMS > APPLICATION FOR A RECONSIDERATION OF A WCAT DECISION

ਜੇਕਰ ਤੁਸੀਂ ਨਵੇਂ ਸਬੂਤਾਂ ਦੇ ਆਧਾਰ 'ਤੇ ਅਰਜ਼ੀ ਦੇ ਰਹੇ ਹੋ, ਤਾਂ ਉਹ ਨਵੇਂ ਸਬੂਤ ਪ੍ਰਦਾਨ ਕਰਨਾ ਯਕੀਨੀ ਬਣਾਓ ਜਿਨ੍ਹਾਂ 'ਤੇ ਤੁਸੀਂ ਨਿਰਭਰ ਕਰੋਗੇ। ਜੇਕਰ ਤੁਹਾਡੇ ਕੋਲ ਇੱਕ ਤੋਂ ਵੱਧ ਅਪੀਲਾਂ ਇਕੱਠੀਆਂ ਹਨ, ਤਾਂ ਦੱਸੋ ਕਿ ਤੁਸੀਂ ਕਿਹੜੀਆਂ ਅਪੀਲਾਂ 'ਤੇ ਮੁੜ ਵਿਚਾਰ ਕਰਵਾਉਣਾ ਚਾਹੁੰਦੇ ਹੋ।

ਮੁੜ ਵਿਚਾਰ ਲਈ ਕੋਈ ਸਮਾਂ ਸੀਮਾ ਨਹੀਂ ਹੈ। ਤੁਸੀਂ ਹਰੇਕ ਆਧਾਰ (ਨਵੇਂ ਸਬੂਤ ਜਾਂ ਅਧਿਕਾਰ ਖੇਤਰ ਦੀ ਗਲਤੀ) 'ਤੇ ਸਿਰਫ਼ ਇੱਕ ਵਾਰ ਹੀ ਮੁੜ ਵਿਚਾਰ ਲਈ ਕਹਿ ਸਕਦੇ ਹੋ।

## ਜਦੋਂ ਤੁਸੀਂ ਮੁੜ ਵਿਚਾਰ ਕਰਨ ਲਈ ਅਰਜ਼ੀ ਦੇ ਦਿੰਦੇ ਹੋ:

- WCAT ਟ੍ਰਿਬਿਊਨਲ ਕੌਂਸਲ ਦਫਤਰ ਤੁਹਾਡੀ ਅਰਜ਼ੀ 'ਤੇ ਵਿਚਾਰ ਕਰੇਗਾ ਕਿ ਕੀ ਤੁਸੀਂ ਮੁੜ ਵਿਚਾਰ ਕਰਨ ਲਈ ਸੰਭਾਵੀ ਆਧਾਰ ਦਿੱਤੇ ਹਨ।
- ਜੇਕਰ ਅਜਿਹਾ ਹੈ, ਤਾਂ ਤੁਹਾਡੀ ਅਰਜ਼ੀ ਅੱਗੇ ਵਧੇਗੀ। WCAT ਤੁਹਾਡੀ ਅਰਜ਼ੀ ਦਾ ਜਵਾਬ ਦੇਣ ਲਈ ਅਪੀਲ ਵਿੱਚ ਸ਼ਾਮਲ ਦੂਜੀਆਂ ਧਿਰਾਂ ਨੂੰ ਸੱਦਾ ਦੇਵੇਗਾ।
- WCAT ਇਸ ਬਾਰੇ ਇੱਕ ਲਿਖਤੀ ਫੈਸਲਾ ਜਾਰੀ ਕਰੇਗਾ ਕਿ ਕੀ ਤੁਹਾਡੀ ਮੁੜ ਵਿਚਾਰ ਕਰਨ ਦੀ ਅਰਜ਼ੀ ਮਨਜ਼ੂਰ ਕੀਤੀ ਜਾਂਦੀ ਹੈ।
- ਸਿਰਫ਼ ਤਾਂ ਹੀ ਜੇਕਰ WCAT ਤੁਹਾਡੀ ਮੁੜ ਵਿਚਾਰ ਕਰਨ ਦੀ ਅਰਜ਼ੀ ਨੂੰ ਮਨਜ਼ੂਰ ਕਰਦਾ ਹੈ ਤਾਂ ਇਹ ਤੁਹਾਡੀ ਅਪੀਲ ਦੀ ਦੁਬਾਰਾ ਸੁਣਵਾਈ ਕਰੇਗਾ ਅਤੇ ਇਸ 'ਤੇ ਦੁਬਾਰਾ ਫੈਸਲਾ ਕਰੇਗਾ। ਇਹ ਤੱਥ ਕਿ ਤੁਸੀਂ ਪਹਿਲੇ ਪੜਾਅ 'ਤੇ ਸਫਲ ਹੋ ਗਏ ਹੋ, ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੀ ਅਪੀਲ ਸਫਲ ਹੋਵੇਗੀ।

# ਜੁਡੀਸ਼ੀਅਲ ਰਿਵਿਊ (ਨਿਆਇਕ ਨਜ਼ਰਸਾਨੀ ਕਰਨ) ਦੀ ਮੰਗ ਕਰੋ

ਅਦਾਲਤਾਂ WCAT ਦੇ ਫੈਸਲਿਆਂ 'ਤੇ ਨਜ਼ਰਸਾਨੀ ਕਰ ਸਕਦੀਆਂ ਹਨ, ਪਰ ਅਜਿਹਾ ਕਰਨ ਦੀਆਂ ਇਸ ਦੀਆਂ ਸ਼ਕਤੀਆਂ ਸੀਮਤ ਹਨ। ਇਸ ਨੂੰ ਜੁਡੀਸ਼ੀਅਲ ਰਿਵਿਊ ਕਿਹਾ ਜਾਂਦਾ ਹੈ।

ਜੇਕਰ ਤੁਸੀਂ ਜੁਡੀਸ਼ੀਅਲ ਰਿਵਿਊ ਕਰਵਾਉਣਾ ਚਾਹੁੰਦੇ ਹੋ, ਤਾਂ ਤੁਹਾਡੇ ਲਈ ਫੈਸਲੇ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਆਪਣੀ ਪਟੀਸ਼ਨ ਦਾਇਰ ਕਰਨੀ ਜ਼ਰੂਰੀ ਹੈ, ਭਾਵੇਂ ਕਿ ਅਦਾਲਤ ਕੋਲ ਵਾਧਾ ਦੇਣ ਦਾ ਅਧਿਕਾਰ ਹੈ।

ਜੁਡੀਸ਼ੀਅਲ ਰਿਵਿਊ ਅਪੀਲ ਨਹੀਂ ਹੁੰਦੀ। ਜੱਜ ਨਜ਼ਰਸਾਨੀ ਕਰਨ ਦੀ ਇਜਾਜ਼ਤ ਦੇ ਸਕਦਾ ਹੈ ਜੇਕਰ:

- WCAT ਦੇ ਫੈਸਲੇ ਵਿੱਚ ਤੱਥ ਜਾਂ ਕਾਨੂੰਨ ਦੀ "ਸਪੱਸ਼ਟ ਤੌਰ 'ਤੇ ਗੈਰ-ਵਾਜਬ" ਗਲਤੀ ਸੀ, ਜਾਂ "ਸਪੱਸ਼ਟ ਤੌਰ 'ਤੇ ਗੈਰ-ਵਾਜਬ ਤਰੀਕੇ ਨਾਲ" ਆਪਣੇ ਅਧਿਕਾਰ ਦੀ ਵਰਤੋਂ ਕੀਤੀ।
- WCAT ਨੇ ਫੈਸਲੇ ਦੀ ਕਾਰਵਾਈ ਅਨੁਚਿਤ ਤਰੀਕੇ ਨਾਲ ਕੀਤੀ ਸੀ।

ਇਹ ਕਹਿਣਾ ਕਾਫ਼ੀ ਨਹੀਂ ਹੈ ਕਿ ਕਿਸੇ ਵੱਖਰੇ ਵਾਈਸ ਚੇਅਰ ਨੇ ਅਪੀਲ ਦਾ ਫੈਸਲਾ ਵੱਖਰੇ ਢੰਗ ਨਾਲ ਕੀਤਾ ਹੁੰਦਾ।

ਜੇਕਰ ਜੁਡੀਸ਼ੀਅਲ ਰਿਵਿਊ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਅਦਾਲਤਾਂ ਆਮ ਤੌਰ 'ਤੇ ਅਪੀਲ ਬਾਰੇ ਨਵਾਂ ਫੈਸਲਾ ਨਹੀਂ ਕਰਦੀਆਂ। ਲਗਭਗ ਸਾਰੇ ਮਾਮਲਿਆਂ ਵਿੱਚ, WCAT ਨੂੰ ਅਪੀਲ ਦੀ ਕਾਰਵਾਈ ਦੁਬਾਰਾ ਕਰਨ ਲਈ ਕਿਹਾ ਜਾਵੇਗਾ।

## ਜੁਡੀਸ਼ੀਅਲ ਰਿਵਿਊ ਲਈ ਅਰਜ਼ੀ ਦਿਓ

- 60 ਦਿਨਾਂ ਦੇ ਅੰਦਰ ਆਪਣੀ ਜੁਡੀਸ਼ੀਅਲ ਰਿਵਿਊ ਦੀ ਪਟੀਸ਼ਨ ਦਾਇਰ ਕਰੋ।
- ਤੁਹਾਡੇ ਲਈ ਪਟੀਸ਼ਨ ਅਤੇ ਹਲਫ਼ਨਾਮਾ WCAT, ਬ੍ਰਿਟਿਸ਼ ਕੋਲੰਬੀਆ ਦੇ ਅਟਾਰਨੀ ਜਨਰਲ, ਵਰਕਸੇਫਬੀਸੀ, ਅਤੇ ਅਪੀਲ ਦੀਆਂ ਹੋਰ ਧਿਰਾਂ ਨੂੰ ਦੇਣੇ ਜ਼ਰੂਰੀ ਹਨ। ਦਸਤਾਵੇਜ਼ WCAT ਨੂੰ ਕੋਰੀਅਰ ਕਰੋ ਜਾਂ ਰਿਸੈਪਸ਼ਨਿਸਟ ਨੂੰ ਸੌਂਪ ਦਿਓ।
- ਸ਼ਿਸ਼ਟਾਚਾਰ ਵਜੋਂ, WCAT ਅਪੀਲ ਦੇ ਸਾਰੇ ਰਿਕਾਰਡ ਸਾਰੀਆਂ ਧਿਰਾਂ ਅਤੇ ਅਦਾਲਤ ਨਾਲ ਸਾਂਝੇ ਕਰਦਾ ਹੈ, ਇਸ ਲਈ ਤੁਹਾਨੂੰ ਇਸ ਨੂੰ ਆਪਣੇ ਸਹਾਇਕ ਹਲਫ਼ਨਾਮੇ ਵਿੱਚ ਸ਼ਾਮਲ ਕਰਨ ਦੀ ਲੋੜ ਨਹੀਂ ਹੈ।

ਹੋਰ ਧਿਰਾਂ ਨੂੰ ਦਸਤਾਵੇਜ਼ ਕਿਵੇਂ ਦੇਣੇ ਹਨ, ਇਸ ਬਾਰੇ ਜਾਣੋ: ਸੁਪਰੀਮ ਕੋਰਟ ਆਫ ਬ੍ਰਿਟਿਸ਼ ਕੋਲੰਬੀਆ ਗਾਈਡ ਬੁੱਕਾਂ>ਪਟੀਸ਼ਨ ਰਾਹੀਂ ਸ਼ੁਰੂ ਕੀਤੀ ਗਈ ਕਾਰਵਾਈ ਦਾ ਬਚਾਅ ਕਰਨਾ (ਪੀਡੀਐੱਫ, 774 ਕੇ ਬੀ)। ਜੇਕਰ ਪਟੀਸ਼ਨ ਸਾਰੀਆਂ ਧਿਰਾਂ ਨੂੰ ਨਹੀਂ ਦਿੱਤੀ ਜਾਂਦੀ, ਤਾਂ ਅਦਾਲਤ ਤੁਹਾਡੀ ਸੁਣਵਾਈ ਵਿੱਚ ਦੇਰੀ ਕਰ ਸਕਦੀ ਹੈ ਜਾਂ ਪਟੀਸ਼ਨ ਨੂੰ ਖਾਰਜ ਕਰ ਸਕਦੀ ਹੈ।

ਸੁਪਰੀਮ ਕੋਰਟ ਆਫ ਬ੍ਰਿਟਿਸ਼ ਕੋਲੰਬੀਆ ਰਜਿਸਟਰੀ ਤੋਂ ਜੁਡੀਸ਼ੀਅਲ ਰਿਵਿਊ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ। ਤੁਸੀਂ ਕਾਨੂੰਨੀ ਸਲਾਹ ਵੀ ਲੈ ਸਕਦੇ ਹੋ।

ਜਸਟਿਸ ਐਕਸੈੱਸ ਸੈਂਟਰ (ਨਿਆਂ ਪਹੁੰਚ ਕੇਂਦਰ)

ਸੁਪਰੀਮ ਕੋਰਟ ਸਵੈ-ਸਹਾਇਤਾ ਅਤੇ ਜਾਣਕਾਰੀ ਸੇਵਾਵਾਂ

- ਸਰੀ: 604-501-3100
- ਵੈਨਕੂਵਰ: 604-660-2084
- ਨਾਨਾਇਮੋ: 250-741-5447 ਜਾਂ 1-800-578-8511
- ਵਿਕਟੋਰੀਆ: 250-356-7012

ਵਕੀਲ ਲੱਭੋ

ਕੈਨੇਡੀਅਨ ਬਾਰ ਐਸੋਸੀਏਸ਼ਨ | 1-800-267-8860

ਯੋਗ ਵਿਅਕਤੀਆਂ ਲਈ ਮੁਫ਼ਤ ਕਾਨੂੰਨੀ ਮਦਦ

ਕਮਿਊਨਿਟੀ ਲੀਗਲ ਅਸਿਸਟੈਂਸ ਸੋਸਾਇਟੀ | 1-888-685-6222

ਐਕਸੈੱਸ ਪ੍ਰੋ ਬੋਨੋ | 1-877-762-6664

ਲਾਅ ਸਟੂਡੈਂਟਸ ਲੀਗਲ ਐਡਵਾਈਜ਼ ਪ੍ਰੋਗਰਾਮ | 604-822-5791

ਹੋਰ ਜਾਣਕਾਰੀ ਪ੍ਰਾਪਤ ਕਰੋ

ਸੁਪਰੀਮ ਕੋਰਟ ਆਫ ਬ੍ਰਿਟਿਸ਼ ਕੋਲੰਬੀਆ ਗਾਈਡ ਬੁੱਕਾਂ>ਪਟੀਸ਼ਨ ਰਾਹੀਂ ਸ਼ੁਰੂ ਕੀਤੀ ਗਈ ਕਾਰਵਾਈ ਦਾ ਬਚਾਅ ਕਰਨਾ (ਪੀਡੀਐੱਫ) (Supreme Court of British Columbia Guidebooks > Defending a Proceeding Started by Petition (PDF))

ਸੀ ਐੱਲ ਏ ਐੱਸ ਬੀ ਸੀ ਜੁਡੀਸ਼ੀਅਲ ਰਿਵਿਊ ਸਵੈ-ਸਹਾਇਤਾ > ਗਾਈਡ (CLAS BC Judicial Review Self-Help Guide)

ਜੁਡੀਸ਼ੀਅਲ ਰਿਵਿਊ ਪੈਕੇਜ -ਸੁਪਰੀਮ ਕੋਰਟ ਆਫ ਬ੍ਰਿਟਿਸ਼ ਕੋਲੰਬੀਆ (ਪੀਡੀਐੱਫ) (Judicial Review Package - Supreme Court of British Columbia (PDF))